# Treatment for Syphilis
# ਸਿਫ਼ਲਿਸ (ਆਤਸ਼ਕ) ਦਾ ਇਲਾਜ

ਸਿਫ਼ਲਿਸ (ਆਤਸ਼ਕ) ਦੇ ਇਲਾਜ ਲਈ Bicillin ® L-A (ਪੈਨੀਸੀਲਿਨ G ਬੈਨਜ਼ੇਥੀਨ ਸਸਪੈਨਸ਼ਨ) ਨੂੰ ਤਰਜੀਹ ਦਿੱਤੀ ਜਾਂਦੀ ਹੈ। Bicillin ਇੱਕ ਐਂਟੀਬਾਇਓਟਿਕ (ਰੋਗਾਣੂ ਨਾਸ਼ਕ ਦਵਾਈ) ਹੈ ਜਿਹੜੀ ਸੱਜੇ ਅਤੇ ਖੱਬੇ ਚਿੱਤੜ ਦੇ ਪੱਠਿਆਂ ਵਿੱਚ ਦੋ ਟੀਕੇ ਲਗਾ ਕੇ ਦਿੱਤਾ ਜਾਂਦਾ ਹੈ। ਸਿਫ਼ਲਿਸ ਦੇ ਮੁਢਲੇ ਪੜਾਅ ਵਿੱਚ ਇਲਾਜ ਲਈ ਆਮ ਤੌਰ 'ਤੇ Bicillin ਦੀ ਇੱਕੋ ਖ਼ੁਰਾਕ ਢੁਕਵੀਂ ਰਹਿੰਦੀ ਹੈ ਪਰ ਜੇ ਇਨਫ਼ੈਕਸ਼ਨ ਇੱਕ ਸਾਲ ਤੋਂ ਵੱਧ ਸਮੇਂ ਤੋਂ ਮੌਜੂਦ ਹੈ ਜਾਂ ਇਹ ਪਤਾ ਹੀ ਨਹੀਂ ਕਿ ਇਨਫ਼ੈਕਸ਼ਨ ਕਿੰਨੇ ਚਿਰ ਤੋਂ ਹੈ ਤਾਂ ਲਗਾਤਾਰ 3 ਹਫ਼ਤੇ Bicillin ਦੇ 2.4 ਮਿਲੀਅਨ ਯੂਨਿਟਾਂ ਦੀ ਲੋੜ ਹੁੰਦੀ ਹੈ।

## Allergies
## ਐਲਰਜੀਆਂ

- ਜੇ ਤੁਹਾਨੂੰ Penicillin-V-K (ਪੈਨਸੀਲਿਨ–ਵੀ–ਕੇ), Amoxicillin (ਐਮੌਸੀਸਿੱਲਿਨ) ਜਿਹੇ ਕਿਸੇ ਵੀ ਪੈਨਸੀਲਿਨ ਐਂਟੀਬਾਇਓਟਿਕ ਜਾਂ Cefixime (ਸੈਫ਼ਇਕਸੈੱਮ – Suprax®), Cephalexin (ਸੈਫ਼ਾਲੈਕਸਿਨ), Cefaclor (ਸੈਫ਼ਾਕਲੋਰ) ਜਿਹੇ ਕਿਸੇ ਵੀ cephalosporin (ਸੈਫ਼ਲੋਸਪੋਰਿਨ) ਐਂਟੀਬਾਇਓਟਿਕ ਤੋਂ ਐਲਰਜੀ ਹੈ ਤਾਂ ਤੁਹਾਨੂੰ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਦੱਸੋ।

## Pregnancy/Breastfeeding
## ਗਰਭ ਅਵਸਥਾ/ਬੱਚੇ ਨੂੰ ਆਪਣਾ ਦੁੱਧ ਪਿਲਾਉਣਾ

- ਜਿਹੜੀਆਂ ਗਰਭਵਤੀ ਔਰਤਾਂ ਨੂੰ ਸਿਫ਼ਲਿਸ ਦੀ ਇਨਫ਼ੈਕਸ਼ਨ ਹੋਈ ਹੋਵੇ ਉਨ੍ਹਾਂ ਦਾ ਇਲਾਜ ਕੀਤਾ ਜਾਣਾ ਬਹੁਤ ਮਹੱਤਵਪੂਰਣ ਹੈ।
- ਜੇ ਤੁਸੀਂ ਗਰਭਵਤੀ ਹੋ ਜਾਂ ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਗਰਭਵਤੀ ਹੋ ਤਾਂ ਤੁਹਾਨੂੰ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਦੱਸੋ।
- ਹਾਲਾਂਕਿ ਜਿਹੜੀਆਂ ਔਰਤਾਂ ਦਾ ਸਿਫ਼ਲਿਸ ਦਾ ਇਲਾਜ ਗਰਭ ਅਵਸਥਾ ਦੇ ਦੂਜੇ ਹਿੱਸੇ ਦੌਰਾਨ ਕੀਤਾ ਜਾਂਦਾ ਹੈ ਉਨ੍ਹਾਂ ਵਿੱਚ ਸਮੇਂ ਤੋਂ ਪਹਿਲਾਂ ਜਣੇਪੇ ਸੰਬੰਧੀ ਪੀੜ ਅਤੇ/ਜਾਂ ਭਰੂਣ ਨੂੰ ਤਕਲੀਫ਼ ਹੋਣ ਦਾ ਵਧੇਰੇ ਖ਼ਤਰਾ ਹੁੰਦਾ ਹੈ, ਪਰ ਅਣਜੰਮੇ ਬੱਚੇ ਨੂੰ ਨੁਕਸਾਨ ਤੋਂ ਬਚਾਉਣ ਅਤੇ ਔਰਤ ਲਈ ਗੰਭੀਰ ਸਿਹਤ ਸਮੱਸਿਆਵਾਂ ਦੀ ਰੋਕਥਾਮ ਲਈ ਇਸ ਦਾ ਇਲਾਜ ਕੀਤਾ ਜਾਣਾ ਜ਼ਰੂਰੀ ਹੈ।
- ਇਲਾਜ ਤੋਂ ਬਾਅਦ ਜੇ ਤੁਹਾਨੂੰ ਬੱਚੇਦਾਨੀ ਵਿੱਚ ਦਬਾਅ ਜਾਂ ਭਰੂਣ ਦੀ ਹਰਕਤ ਵਿੱਚ ਕਮੀ ਮਹਿਸੂਸ ਹੋਵੇ ਤਾਂ ਕਿਰਪਾ ਕਰਕੇ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ।
- ਦੇਰ ਨਾਲ ਹੋਈਆਂ ਸਿਫ਼ਲਿਸ ਇਨਫ਼ੈਕਸ਼ਨਾਂ ਦੇ ਇਲਾਜ ਤੋਂ ਬਾਅਦ ਉੱਪਰ ਲਿਖੀਆਂ ਗੁੰਝਲਾਂ ਬਹੁਤ ਘੱਟ ਵਾਪਰਦੀਆਂ ਹਨ।
- ਬੱਚੇ ਨੂੰ ਆਪਣਾ ਦੁੱਧ ਪਿਲਾਉਣ ਤੋਂ ਪਹਿਲਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਸੰਪਰਕ ਕਰੋ ਜੀ।

## Treatment Reaction
## ਇਲਾਜ ਕਾਰਣ ਹੋਣ ਵਾਲਾ ਪ੍ਰਤੀਕਰਮ

- **Jarisch-Herxheimer Reaction** (ਜਿਵੇਂ ਕਿ ਬੁਖ਼ਾਰ, ਠੰਢ ਲੱਗਣੀ, ਸਿਰ ਦਰਦ, ਥਕਾਵਟ ਜਾਂ ਸੋਜਸ਼) ਇੱਕ ਆਮ ਪ੍ਰਤੀਕਰਮ ਹੈ ਜਿਹੜਾ ਕਿ ਟ੍ਰੀਟਮੈਂਟ ਤੋਂ ਲਗਭਗ 4–6 ਘੰਟਿਆਂ ਬਾਅਦ ਵਾਪਰ ਸਕਦਾ ਹੈ।
- ਘਬਰਾਓ ਨਾ, ਇਹ ਕੋਈ **ਐਲਰਜਿਕ ਪ੍ਰਤੀਕਰਮ ਨਹੀਂ ਹੈ** ਅਤੇ ਆਮ ਤੌਰ 'ਤੇ 24 ਘੰਟਿਆਂ ਦੇ ਅੰਦਰ-ਅੰਦਰ ਖ਼ਤਮ ਹੋ ਜਾਂਦਾ ਹੈ।
- ਹਰ 4 ਤੋਂ 6 ਘੰਟਿਆਂ ਬਾਅਦ Acetaminophen (ਅਸੀਟਾਮਿਨੋਫ਼ਿਨ), Aspirin (ਐਸਪ੍ਰਿਨ) ਜਾਂ Ibuprofen (ਆਈਬੂਪ੍ਰੋਫ਼ੈਨ) ਲੈਣ ਨਾਲ ਇਨ੍ਹਾਂ ਲੱਛਣਾਂ ਦੇ ਠੀਕ ਹੋਣ ਵਿੱਚ ਮਦਦ ਹੋਵੇਗੀ।
- ਮੁਢਲੇ ਸਿਫ਼ਲਿਸ ਦਾ ਇਲਾਜ ਕਰਵਾਉਣ ਵਾਲੀ ਹਰ ਔਰਤ ਨੂੰ Jarisch-Herxheimer ਪ੍ਰਤੀਕਰਮ ਨਹੀਂ ਹੋਵੇਗਾ।
- ਦੇਰ ਨਾਲ ਹੋਈ ਸਿਫ਼ਲਿਸ ਦੇ ਇਲਾਜ ਤੋਂ ਬਾਅਦ Jarisch-Herxheimer ਪ੍ਰਤੀਕਰਮ ਬਹੁਤ ਘੱਟ ਹੁੰਦਾ ਹੈ।



STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707 5600
Fax 604 707 5604
www.bccdc.ca
www.stdresource.com

*A research and teaching centre affiliated with UBC*

# **Treatment for Syphilis** (cont'd)
# **ਸਿਫ਼ਲਿਸ ਦਾ ਇਲਾਜ** (ਚਲਦਾ)

## Care of Yourself Following Treatment
## ਟ੍ਰੀਟਮੈਂਟ ਤੋਂ ਬਾਅਦ ਆਪਣਾ ਖ਼ਿਆਲ ਰੱਖਣਾ

- ਇਹ ਜ਼ਰੂਰੀ ਹੈ ਕਿ ਤੁਸੀਂ ਦੱਸੇ ਗਏ ਮੁਤਾਬਕ ਆਪਣਾ ਪੂਰਾ ਇਲਾਜ ਮੁਕੰਮਲ ਕਰੋ।
- ਟ੍ਰੀਟਮੈਂਟ ਤੋਂ ਬਾਅਦ ਕਿਰਪਾ ਕਰਕੇ 15 ਮਿੰਟ ਕਲੀਨਿਕ ਵਿੱਚ ਇੰਤਜ਼ਾਰ ਕਰੋ।
- ਟ੍ਰੀਟਮੈਂਟ ਤੋਂ ਬਾਅਦ ਜੇ ਤੁਹਾਨੂੰ ਕੋਈ ਵੀ ਪ੍ਰਤੀਕਰਮ ਹੁੰਦਾ ਹੈ (ਉਦਾਹਰਣ ਵਜੋਂ: ਧੱਫ਼ੜ, ਖਾਰਸ਼, ਸਾਹ ਲੈਣ ਵਿੱਚ ਤਕਲੀਫ਼) ਤਾਂ ਕਿਰਪਾ ਕਰਕੇ ਸਟਾਫ਼ ਦੇ ਕਿਸੇ ਮੈਂਬਰ ਨੂੰ ਤੁਰੰਤ ਦੱਸੋ।
- ਜੇ ਇਹ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਪਿੱਛੋਂ ਆਉਂਦੇ ਹਨ ਤਾਂ ਤੁਰੰਤ ਐਮਰਜੰਸੀ ਮੈਡੀਕਲ ਸਹਾਇਤਾ ਪ੍ਰਾਪਤ ਕਰੋ।

## Birth Control
## ਗਰਭ ਨਿਰੋਧਨ

- ਜੇ ਤੁਸੀਂ ਹਾਰਮੋਨਲ ਕਿਸਮ ਦਾ ਗਰਭ ਨਿਰੋਧਕ (ਮੂੰਹ ਰਾਹੀਂ ਖਾਧੀਆਂ ਜਾਣ ਵਾਲੀਆਂ ਦਵਾਈਆਂ, ਰਿੰਗ ਜਾਂ ਪੈਚ) ਵਰਤ ਰਹੇ ਹੋ ਤਾਂ ਆਪਣਾ ਮੌਜੂਦਾ ਮਾਹਵਾਰੀ ਚੱਕਰ ਪੂਰਾ ਹੋਣ ਤਕ ਗਰਭ ਨਿਰੋਧਨ ਦਾ ਇੱਕ ਹੋਰ ਗ਼ੈਰ-ਹਾਰਮੋਨਲ ਤਰੀਕਾ (ਜਿਵੇਂ ਕਿ ਕੰਡੋਮ/ਡਾਇਆਫ੍ਰੈਗਮ) ਵਰਤੋ।

## Blood Donation
## ਖ਼ੂਨ ਦਾਨ ਕਰਨਾ

- ਖ਼ੂਨ ਜਾਂ ਅੰਗ ਦਾਨ ਨਾ ਕਰੋ।
- ਕਨੇਡੀਅਨ ਬਲੱਡ ਸਰਵਿਸਿਜ਼ ਵਾਲੇ ਦਾਨ ਕੀਤੇ ਗਏ ਸਾਰੇ ਖ਼ੂਨ ਦੀ ਜਾਂਚ ਕਰਦੇ ਹਨ। ਜੇ ਖ਼ੂਨ ਦੇ ਕਿਸੇ ਨਮੂਨੇ ਦੀ ਜਾਂਚ ਤੋਂ ਸਿਫ਼ਲਿਸ ਹੋਣ ਦਾ ਪਤਾ ਲੱਗਦਾ ਹੈ ਤਾਂ ਉਸ ਖ਼ੂਨ ਨੂੰ ਸੁੱਟ ਦਿੱਤਾ ਜਾਵੇਗਾ।

## **EARLY Syphilis Treatment** (History of syphilis sore, rash or infection <1 year duration):
## **ਮੁਢਲੇ ਸਿਫ਼ਲਿਸ ਦਾ ਇਲਾਜ** (ਇੱਕ ਸਾਲ ਤੋਂ ਘੱਟ ਸਮੇਂ ਤੋਂ ਹੋਇਆ ਸਿਫ਼ਲਿਸ ਦਾ ਫ਼ੋੜਾ, ਧੱਫ਼ੜ ਜਾਂ ਇਨਫ਼ੈਕਸ਼):

## Treatment
## ਇਲਾਜ

- **2.4 ਮਿਲੀਅਨ ਯੂਨਿਟ Bicillin x** 1 (2 ਟੀਕੇ) ਮੁਢਲੀ ਸਿਫ਼ਲਿਸ ਦੇ ਇਲਾਜ ਲਈ ਢੁਕਵਾਂ ਟ੍ਰੀਟਮੈਂਟ ਸਮਝਿਆ ਜਾਂਦਾ ਹੈ।
- 2.4 ਮਿਲੀਅਨ ਯੂਨਿਟ ਦੀ ਹਰ ਖ਼ੁਰਾਕ ਨੂੰ ਪੱਠਿਆਂ ਵਿੱਚ ਲਗਾਏ ਜਾਣ ਵਾਲੇ ਦੋ ਟੀਕਿਆਂ ਵਿੱਚ ਵੰਡਿਆ ਜਾਂਦਾ ਹੈ। ਇੱਕ ਟੀਕਾ ਸੱਜੇ ਅਤੇ ਇੱਕ ਟੀਕਾ ਖੱਬੇ ਚਿੱਤੜ ਵਿੱਚ ਲਗਾਇਆ ਜਾਂਦਾ ਹੈ।
- ਫ਼ੋੜੇ ਜਾਂ ਧੱਫ਼ੜ ਜਿਹੇ ਸਿਫ਼ਲਿਸ ਦੇ ਮੁਢਲੇ ਸੰਕੇਤ ਲਗਭਗ 2 ਹਫ਼ਤਿਆਂ ਵਿੱਚ ਗਾਇਬ ਹੋ ਜਾਣੇ ਚਾਹੀਦੇ ਹਨ।
- ਜੇ ਇਹ ਲੱਛਣ ਦੋ ਹਫ਼ਤਿਆਂ ਦੇ ਵਿੱਚ-ਵਿੱਚ ਠੀਕ ਨਹੀਂ ਹੁੰਦੇ ਤਾਂ ਤੁਹਾਨੂੰ ਸਿਹਤ ਸੰਭਾਲ ਪ੍ਰਦਾਨ ਕਰ ਰਹੇ ਕਰਮਚਾਰੀ ਨੂੰ ਮਿਲੋ।

## Special Instructions
## ਵਿਸ਼ੇਸ਼ ਹਿਦਾਇਤਾਂ

- ਟ੍ਰੀਟਮੈਂਟ ਦੀ ਤਾਰੀਖ਼ ਤੋਂ 2 ਹਫ਼ਤਿਆਂ ਬਾਅਦ ਤਕ ਸੰਭੋਗ ਨਾ ਕਰੋ।



STI/HIV Prevention and Control
655 West 12th Avenue
Vancouver, British Columbia
Canada V5Z 4R4
Tel 604 707 5600
Fax 604 707 5604
www.bccdc.ca
www.stdresource.com

*A research and teaching centre affiliated with UBC*

# **Treatment for Syphilis** (cont'd)
# **ਸਿਫ਼ਲਿਸ ਦਾ ਇਲਾਜ** (ਚਲਦਾ)

## Follow up Testing
## ਇਲਾਜ ਦੀ ਪੈਰਵੀ ਲਈ ਜਾਂਚ

- ਟ੍ਰੀਟਮੈਂਟ ਤੋਂ ਬਾਅਦ **ਛੇਵੇਂ ਅਤੇ ਬਾਰ੍ਹਵੇਂ ਮਹੀਨਿਆਂ** ਦੌਰਾਨ ਇਲਾਜ ਦੀ ਪੈਰਵੀ ਲਈ ਜਾਂਚ ਦੀ ਲੋੜ ਹੁੰਦੀ ਹੈ।
- **ਐੱਚ.ਆਈ.ਵੀ. ਪੌਜ਼ਟਿਵ** ਵਾਲੇ ਲੋਕਾਂ ਨੂੰ ਟ੍ਰੀਟਮੈਂਟ ਤੋਂ **3, 6, 9 ਅਤੇ 12 ਮਹੀਨਿਆਂ** ਬਾਅਦ ਇਲਾਜ ਦੀ ਪੈਰਵੀ ਲਈ ਖ਼ੂਨ ਦੀ ਜਾਂਚ ਦੀ ਲੋੜ ਹੁੰਦੀ ਹੈ।
- ਖ਼ੂਨ ਵਿੱਚ ਰੋਗਨਾਸ਼ਕ ਅੰਸ਼ਾਂ ਦਾ ਪੱਧਰ ਜਾਂ ਆਰ.ਪੀ.ਆਰ. ਅਨੁਪਾਤ ਟ੍ਰੀਟਮੈਂਟ ਉਪਰੰਤ ਹੌਲੀ-ਹੌਲੀ ਘਟ ਜਾਣਾ ਚਾਹੀਦਾ ਹੈ।
- ਜੇ ਆਰ.ਪੀ.ਆਰ. ਅਨੁਪਾਤ ਉਚਿਤ ਮਾਤਰਾ ਵਿੱਚ ਨਹੀਂ ਘਟਦਾ ਤਾਂ ਦੁਬਾਰਾ ਟ੍ਰੀਟਮੈਂਟ ਕਰਵਾਉਣਾ ਲਾਜ਼ਮੀ ਹੋ ਸਕਦਾ ਹੈ।

## Partner Notification and Follow-up
## ਸਾਥੀਆਂ ਨੂੰ ਇਤਲਾਹ ਅਤੇ ਪੈਰਵੀ

- ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਇੱਕ ਕਰਮਚਾਰੀ ਇਹ ਵਿਚਾਰ-ਵਟਾਂਦਰਾ ਕਰਨ ਵਾਸਤੇ ਤੁਹਾਡੇ ਨਾਲ ਸੰਪਰਕ ਕਰੇਗਾ ਕਿ ਤੁਸੀਂ ਆਪਣੇ ਉਨ੍ਹਾਂ ਸਾਥੀਆਂ ਨੂੰ ਕਿਵੇਂ ਇਤਲਾਹ ਦੇਣੀ ਚਾਹੋਗੇ ਜਿਨ੍ਹਾਂ ਨਾਲ ਤੁਹਾਡੇ ਹੁਣ ਜਾਂ ਬੀਤੇ ਸਮੇਂ ਵਿੱਚ ਸਰੀਰਕ ਸੰਬੰਧ ਰਹੇ ਹਨ।
- ਭਾਵੇਂ ਤੁਹਾਡੇ ਸਰੀਰਕ ਸੰਬੰਧ ਰੱਖਣ ਵਾਲੇ ਸਾਥੀਆਂ ਵਿੱਚ ਕੋਈ ਲੱਛਣ ਨਾ ਵੀ ਹੋਣ, ਉਨ੍ਹਾਂ ਨੂੰ ਫ਼ਿਰ ਵੀ ਸਿਫ਼ਲਿਸ ਦਾ ਛੂਤਗ੍ਰਸਤ ਵਿਅਕਤੀ ਮੰਨਿਆ ਜਾਵੇਗਾ।
- ਸਰੀਰਕ ਸੰਬੰਧ ਰੱਖਣ ਵਾਲੇ ਸਾਰੇ ਸਾਥੀਆਂ ਦੀ ਪੜਤਾਲ, ਜਾਂਚ ਅਤੇ ਇਲਾਜ ਸਿਫ਼ਲਿਸ ਦੇ ਛੂਤਗ੍ਰਸਤ ਵਿਅਕਤੀ ਵਜੋਂ ਕੀਤਾ ਜਾਵੇਗਾ।

## **LATE Syphilis Treatment** (>1 year duration or Syphilis of Unknown Duration):
## **ਸਿਫ਼ਲਿਸ ਦਾ ਦੇਰ ਨਾਲ ਕੀਤਾ ਜਾਣ ਵਾਲਾ ਇਲਾਜ** (1 ਸਾਲ ਤੋਂ ਵੱਧ ਸਮੇਂ ਤੋਂ ਹੋਈ ਸਿਫ਼ਲਿਸ ਜਾਂ ਅਣਪਛਾਤੀ ਅਵਧੀ ਦੀ ਸਿਫ਼ਲਿਸ):

## Treatment
## ਇਲਾਜ

- 7 ਦਿਨਾਂ ਦੇ ਵਕਫ਼ੇ 'ਤੇ ਦਿੱਤੀਆਂ **2.4 ਮਿਲੀਅਨ ਯੂਨਿਟ Bicillin ਦੀਆਂ** 3 **ਖ਼ੁਰਾਕਾਂ**
- 2.4 ਮਿਲੀਅਨ ਯੂਨਿਟ ਦੀ ਹਰ ਖ਼ੁਰਾਕ ਨੂੰ ਪੱਠਿਆਂ ਵਿੱਚ ਲਗਾਏ ਜਾਣ ਵਾਲੇ ਦੋ ਟੀਕਿਆਂ ਵਿੱਚ ਵੰਡਿਆ ਜਾਂਦਾ ਹੈ। ਇੱਕ ਟੀਕਾ ਸੱਜੇ ਅਤੇ ਇੱਕ ਟੀਕਾ ਖੱਬੇ ਚਿੱਤੜ ਵਿੱਚ ਲਗਾਇਆ ਜਾਂਦਾ ਹੈ।
- ਜਦੋਂ ਤਕ ਇਹ ਪੂਰੀ ਤਰ੍ਹਾਂ ਜ਼ਰੂਰੀ ਨਾ ਹੋਵੇ, ਖ਼ੁਰਾਕਾਂ ਵਿਚਲੇ 7 ਦਿਨਾਂ ਦੇ ਵਕਫ਼ੇ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਟ੍ਰੀਟਮੈਂਟ ਸੰਬੰਧੀ ਹੋਰ ਕਿਸੇ ਸਮਾਂ-ਸੂਚੀ ਦੀ ਪੁਸ਼ਟੀ ਕਰਨ ਲਈ ਕੋਈ ਕਲੀਨਿਕੀ ਅੰਕੜੇ ਮੌਜੂਦ ਨਹੀਂ ਹਨ।

## Special Instructions
## ਵਿਸ਼ੇਸ਼ ਹਿਦਾਇਤਾਂ

- ਸਿਫ਼ਲਿਸ ਦਾ ਪਹਿਲਾ ਟ੍ਰੀਟਮੈਂਟ ਪੂਰਾ ਹੋਣ ਤੋਂ ਬਾਅਦ 2 ਹਫ਼ਤਿਆਂ ਤਕ ਸੰਭੋਗ ਨਾ ਕਰੋ।

## Follow up Testing
## ਇਲਾਜ ਦੀ ਪੈਰਵੀ ਲਈ ਜਾਂਚ

- ਤੁਹਾਨੂੰ ਭਵਿੱਖ ਵਿੱਚ ਇਲਾਜ ਦੀ ਪੈਰਵੀ ਲਈ ਸਿਫ਼ਲਿਸ ਦੀ ਪੜਤਾਲ ਵਾਸਤੇ ਖ਼ੂਨ ਦੀ ਜਾਂਚ ਕਰਵਾਉਣ ਦੀ ਲੋੜ ਪੈ ਸਕਦੀ ਹੈ।
- ਤੁਹਾਡੇ ਆਖ਼ਰੀ ਟ੍ਰੀਟਮੈਂਟ ਵਾਲੇ ਦਿਨ ਤੁਹਾਨੂੰ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਕਰਮਚਾਰੀ ਤੁਹਾਡੇ ਨਾਲ ਇਲਾਜ ਦੀ ਪੈਰਵੀ ਬਾਰੇ ਵਿਚਾਰ-ਵਟਾਂਦਰਾ ਕਰੇਗਾ।



STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707 5600
Fax 604 707 5604
www.bccdc.ca
www.stdresource.com

*A research and teaching centre affiliated with UBC*

# Treatment for Syphilis (cont'd)
# ਸਿਫ਼ਲਿਸ ਦਾ ਇਲਾਜ (ਚਲਦਾ)

### Partner Notification and Follow-up
### ਸਾਥੀ ਨੂੰ ਇਤਲਾਹ ਅਤੇ ਪੈਰਵੀ

- ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਕੋਈ ਕਰਮਚਾਰੀ ਤੁਹਾਨੂੰ ਇਹ ਪੁੱਛਣ ਲਈ ਸੰਪਰਕ ਕਰੇਗਾ ਕਿ ਕੀ ਕੋਈ ਅਜਿਹੇ ਬੱਚੇ ਜਾਂ ਤੁਹਾਡੇ ਨਾਲ ਲੰਮੇ ਸਮੇਂ ਤਕ ਸਰੀਰਕ ਸੰਬੰਧ ਰੱਖਣ ਵਾਲੇ ਵਿਅਕਤੀ ਹਨ ਜਿਨ੍ਹਾਂ ਦੀ ਜਾਂਚ ਕਰਨੀ ਪੈ ਸਕਦੀ ਹੈ।
- ਤੁਹਾਡੇ ਸਾਰੇ ਬੱਚਿਆਂ ਅਤੇ ਤੁਹਾਡੇ ਨਾਲ ਲੰਮੇ ਸਮੇਂ ਤਕ ਸਰੀਰਕ ਸੰਬੰਧ ਰੱਖਣ ਵਾਲੇ ਸਾਰੇ ਸਾਥੀਆਂ ਨੂੰ RPR (ਆਰ.ਪੀ.ਆਰ.), TPPA (ਟੀ.ਪੀ.ਪੀ.ਏ.) ਅਤੇ FTA-ABS (ਐੱਫ਼.ਟੀ.ਏ.–ਏ.ਬੀ.ਐੱਸ.) ਲਈ ਖ਼ੂਨ ਦੀ ਜਾਂਚ ਕਰਵਾਉਣ ਦੀ ਲੋੜ ਪਵੇਗੀ।

ਜੇ ਤੁਹਾਡੇ ਕੋਈ ਵੀ ਸਵਾਲ ਹਨ ਜਾਂ ਜੇ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਸਥਾਨਕ ਸਿਹਤ ਯੂਨਿਟ ਨਾਲ ਸੰਪਰਕ ਕਰੋ ਜਾਂ ਹੇਠ ਲਿਖੀ ਜਾਣਕਾਰੀ ਦੇਖੋ।



STI/HIV Prevention and Control
655 West 12th Avenue
Vancouver, British Columbia
Canada V5Z 4R4

Tel 604 707 5600
Fax 604 707 5604
www.bccdc.ca
www.stdresource.com

*A research and teaching centre affiliated with UBC*